# ਖੋਜ ਪੱਤਰ ਦੀ ਰੂਪ ਰੇਖਾ ਅਤੇ ਬਣਤਰ - ਸੰਖੇਪ

ਸ਼ਿੰਦਰਪਾਲ ਸਿੰਘ (ਪੰਜਾਬੀ ਵਿਕਾਸ ਮੰਚ ਯੂ.ਕੇ)

## ਪਰਿਭਾਸ਼ਾ: ਵਿਸਤ੍ਰਿਤ ਅਕਾਦਮਿਕ ਲਿਖਤ ਜੋ ਡੂੰਘਾਈ ਨਾਲ ਸੁਤੰਤਰ ਤੇ ਨਿਰਪੱਖ ਖੋਜ ਦੇ ਅਧਾਰ ਤੇ ਵਿਸ਼ਲੇਸ਼ਣ, ਵਿਆਖਿਆ ਅਤੇ ਦਲੀਲ ਪ੍ਰਦਾਨ ਕਰਦੀ ਹੈ।

ਪ੍ਰਥਮ ਵਿਚਾਰ: ਸੰਸਾਰ ਪੱਧਰ 'ਤੇ ਪੰਜਾਬੀ ਦੀ ਸੰਭਾਲ਼ ਦੇ ਨਾਲ਼ ਨਾਲ਼ ਇਸਦੇ ਪ੍ਰਚਾਰ ਅਤੇ ਪਾਸਾਰ ਸਬੰਧੀ ਅਣਗਿਣਤ ਤਰੀਕਿਆਂ ਦੇ ਯਤਨ ਹੋ ਰਹੇ ਹਨ। ਸੰਸਾਰ ਭਰ ਵਿੱਚ ਹੁਣ ਤੱਕ ਸੈਂਕੜੇ ਅੰਤ੍ਰਰਾਸ਼ਟਰੀ ਪੰਜਾਬੀ ਕਾਨਫਰੰਸਾਂ ਹੋ ਮੁੱਕੀਆਂ ਹਨ। ਇਹਨਾਂ ਵਿੱਚ ਹਜ਼ਾਰਾਂ ਖੋਜ ਪੱਤਰ ਪੜ੍ਹੇ ਗਏ ਹੋਣਗੇ। ਉਹਨਾਂ ਦਾ ਵਿਸ਼ਾ ਵਸਤੂ, ਰੂਪ ਰੇਖਾ, ਢਾਂਚਾ, ਬਣਤਰ ਜਾਂ ਮਿਆਰ/ਪੱਧਰ ਕੀ ਸੀ? ਕੀ ਉਹ ਵਾਕਈ ਲਿਖੇ ਗਏ ਸਨ ਅਤੇ ਕੀ ਉਹ ਉਪਲਬਧ ਹਨ? ਸ਼ਾਇਦ ਬਹੁਤ ਘੱਟ ਪੰਜਾਬੀਆਂ ਨੂੰ ਇਸਦਾ ਗਿਆਨ ਹੋਵੇਗਾ।

ਇੱਕ ਮਿਆਰੀ ਅਤੇ ਪ੍ਰਭਾਵੀ ਖੋਜ ਪੱਤਰ ਦੀ ਬਣਤਰ, ਰੂਪਰੇਖਾ ਕਿਹੋ ਜਹੀ ਹੋਣੀ ਚਾਹੀਦੀ ਹੈ? ਇਸ ਵਿੱਚ ਕੀ ਕੀ ਹੋਣਾ ਚਾਹੀਦਾ ਜਾਂ ਜਰੂਰੀ ਹੁੰਦਾ ਹੈ, ਉਸਦੀ ਤਰਤੀਬ ਕਿਹੋ ਜਹੀ ਹੋਣੀ ਚਾਹੀਦੀ ਹੈ? ਇਸ ਵਿਸ਼ੇ ਨੂੰ ਸਰੋਤੇ/ਪਾਠਕ ਦੇ ਦ੍ਰਿਸ਼ਟੀਕੋਣ ਤੋਂ ਵਿਚਾਰਨਾ ਲਾਜ਼ਮੀ ਹੈ।

ਖੋਜ ਪੱਤਰ ਦੇ ਅੰਤ੍ਰਰਾਸ਼ਟਰੀ ਮਿਆਰ ਅਨੁਸਾਰ ਜਿਹਨਾਂ ਚੀਜ਼ਾਂ ਦਾ ਪੱਤਰ ਵਿੱਚ ਸ਼ਾਮਲ ਹੋਣਾ ਜ਼ਰੂਰੀ ਮੰਨਿਆ ਗਿਆ ਹੈ, ਉਹਨਾਂ ਦਾ ਸੰਖੇਪ ਵਰਨਣ ਅਤੇ ਤਰਤੀਬ ਇਸ ਤਰਾਂ ਹੈ:

**ਸਾਰ**

ਸ਼ੁਰੂ ਵਿੱਚ ਹੀ, ਭੂਮਿਕਾ ਦੇ ਤੌਰ 'ਤੇ, ਖੋਜ ਪੱਤਰ ਦੇ ਨਿਸ਼ਾਨੇ, ਮੁੱਖ ਸਵਾਲਾਂ, ਖੋਜ ਵਿਧੀਆਂ, ਟੀਚਿਆਂ ਅਤੇ ਚਰਚਾ ਦਾ ਜ਼ਿਕਰ ਕਰਦੇ ਹੋਏ ਇਸ ਵਿੱਚ ਪੂਰੇ ਪੱਤਰ ਦਾ ਤੱਤ ਨਿਚੋੜ 150-200 ਸ਼ਬਦਾਂ ਤੋਂ ਵੱਧ ਨਾ ਹੋਵੇ। ਪਾਠਕ/ਸਰੋਤੇ ਦਾ ਧਿਆਨ ਖਿੱਚਣਾ ਅਤੇ ਬੰਨ੍ਹਣਾ ਵੀ ਨਿਪੁੰਨ ਕਲਾ ਹੈ।

**ਮੁੱਖ ਸ਼ਬਦ:**

**ਜਾਣ-ਪਛਾਣ**

ਇਸਨੂੰ ਸਾਰ ਦਾ ਵਿਸਤ੍ਰਿਤ ਰੂਪ ਮੰਨਿਆ ਜਾ ਸਕਦਾ ਹੈ। ਜਾਣ-ਪਛਾਣ ਵਿੱਚ ਵਿਸ਼ਾਲ ਪਰ ਲੋੜੀਂਦੀ ਜਾਣਕਾਰੀ ਨਿਸ਼ਚਿਤ ਰੂਪ ਵਿੱਚ ਸਰੋਤੇ/ਪਾਠਕ ਲਈ ਜਗਿਆਸਾ ਅਤੇ ਸਕਾਰਾਤਮਕ ਪ੍ਰਭਾਵ ਪੈਦਾ ਕਰੇਗੀ। ਇਸ ਵਿੱਚ ਦੱਸਣ ਦੀ ਜ਼ਰੂਰਤ ਹੋਏਗੀ ਕਿ ਇਸ ਕਿਸਮ ਦੀ ਖੋਜ (ਨਿੱਜੀ ਦਿਲਚਸਪੀ, ਅਣਪਛਾਤੇ ਰਾਹ ਦੀ ਚੋਣ, ਗਲਤ ਧਾਰਨਾ, ਆਦਿ) ਦਾ ਫੈਸਲਾ ਕਿਉਂ ਲਿਆ? ਇਹ ਸਾਬਤ ਕਰਨ ਲਈ ਚੰਗੇ ਕਾਰਨ ਪ੍ਰਦਾਨ ਕਰਨੇ ਲਾਜ਼ਮੀ ਹਨ।

**ਸਾਹਿਤ ਸਰਵੇਖਣ:**

ਚੁਣੇ ਗਏ ਵਿਸ਼ੇ ਸਬੰਧੀ ਉਪਲਬਧ ਸਾਹਿਤ ਸਮੱਗਰੀ, ਵਿਸ਼ੇਸ਼ ਲਿਖਤਾਂ, ਖਾਸ ਮੁੱਦੇ, ਖੋਜ ਦੇ ਖੇਤਰ ਜਾਂ ਸਿਧਾਂਤ ਨਾਲ ਸੰਬੰਧਿਤ ਸਰੋਤਾਂ, ਪ੍ਰਕਾਸ਼ਿਤ ਪੂਰਵ ਖੋਜਾਂ ਦੀ ਕੀਤੀ ਜਾਂਚ ਦਾ ਜ਼ਿਕਰ ਲਾਜ਼ਮੀ ਹੈ। ਇਹ ਇਸ ਲਈ ਵੀ ਜਰੂਰੀ ਹੈ ਕਿ ਲੇਖਕ ਸੋਚੇ ਤੇ ਵਿਚਾਰੇ ਕਿ ਉਸਦੇ ਵਿਸ਼ੇ ਉੱਤੇ ਪਹਿਲਾਂ ਕੋਈ ਕੰਮ ਤਾਂ ਨਹੀਂ ਹੋਇਆ?

**ਖੋਜ ਕਰਨ ਦੀ ਪਹੁੰਚ (ਵਿਧੀ - ਕਾਰਜਪ੍ਰਣਾਲੀ)**
ਲੇਖਕ ਨੇ ਆਪਣੇ ਵਿਸ਼ੇ ਦੀ ਖੋਜ ਕਰਨ ਲਈ ਵਿਸ਼ਲੇਸ਼ਣ ਜਾਂ ਸੰਸਲੇਸ਼ਣ ਦੀ ਵਰਤੋਂ ਕੀਤੀ? ਖੋਜ, ਸਰਵੇਖਣ ਦੇ ਨਤੀਜਿਆਂ ਦੀ ਵਰਤੋਂ ਕਿਵੇਂ ਕੀਤੀ? ਖੋਜ ਪੜਚੋਲ ਕਰਨ ਲਈ ਕਿਹੋ ਜਿਹੀਆਂ ਵਿਧੀਆਂ ਲਾਗੂ ਕੀਤੀਆਂ? ਇਹ ਖੋਜ ਕਿਵੇਂ ਕੀਤੀ ਜਾਂ ਕੀਤੀ ਜਾਂਦੀ ਹੈ? ਕੀ ਇਹ ਖੋਜ ਭਰੋਸੇਯੋਗ ਹੈ?

**ਲੱਭਤਾਂ ਅਤੇ ਨਤੀਜੇ**
ਇਸ ਭਾਗ ਵਿੱਚ ਖੋਜ ਪਹੁੰਚ (ਵਿਧੀ/ਆਂ) ਦੇ ਨਤੀਜੇ ਵਜੋਂ ਇਕੱਤਰ ਕੀਤੀ ਜਾਣਕਾਰੀ ਦੇ ਆਧਾਰ 'ਤੇ ਆਪਣੇ ਅਧਿਐਨ ਦੇ ਨਤੀਜਿਆਂ ਦੇ ਫੈਸਲੇ ਸ਼ਾਮਲ ਹੋਣ। ਕੀ ਇਹ ਤਰਕਸ਼ੀਲ ਹਨ ਜਾਂ ਪੱਖਪਾਤੀ - ਮਨਘੜਤ ਵਿਖਿਆਨ ਹਨ? ਲੇਖਕ ਦੀਆਂ ਖੋਜਾਂ ਦੇ ਫੈਸਲੇ ਸਿਰਫ਼ ਸਾਦੇ ਸ਼ਬਦ ਜਾਂ ਤਕਨੀਕੀ ਹਵਾਲੇ ਵੀ ਹੋ ਸਕਦੇ ਹਨ।

**ਚਰਚਾ**
ਇਸ ਭਾਗ ਵਿੱਚ ਪੱਤਰ ਵਿੱਚਲੇ ਖੋਜ ਦੇ ਨਤੀਜਿਆਂ ਦਾ ਵਰਣਨ, ਵਿਸ਼ਲੇਸ਼ਣ, ਪ੍ਰਾਪਤ ਕੀਤੇ ਉਦੇਸ਼ਾਂ ਦਾ ਜ਼ਿਕਰ ਹੋਵੇ। ਇਸ ਵਿੱਚ ਖੋਜਾਂ ਦੀ ਮਹੱਤਤਾ ਅਤੇ ਨਤੀਜਿਆਂ ਬਾਰੇ ਲੇਖਕ ਦੀ ਖੁਦ ਦੀ ਵਿਆਖਿਆ ਵੀ ਸ਼ਾਮਲ ਹੋਵੇ।

**ਸਿੱਟਾ**
ਇਸ ਭਾਗ ਵਿੱਚ ਖੋਜ ਪੱਤਰ ਦੇ ਮੁੱਖ ਨੁਕਤਿਆਂ ਦੇ ਦੁਹਰਾਅ ਦੇ ਨਾਲ਼ ਨਾਲ਼ ਲੇਖਕ ਵਲੋਂ ਖੋਜ ਵਿੱਚ ਕੁੱਝ ਸੁਧਾਰਾਂ ਦਾ ਜ਼ਿਕਰ ਜਾਂ ਸੁਝਾਅ ਵੀ ਹੋ ਸਕਦੇ ਹਨ। ਆਪਣੀ ਖੋਜ ਅਤੇ ਹੋਰ ਖੋਜਾਂ ਵਿਚਕਾਰ ਸਬੰਧਾਂ ਬਾਰੇ ਚਰਚਾ ਵੀ ਸ਼ਾਮਿਲ ਹੋਣੀ ਚਾਹੀਦੀ ਹੈ।

**ਸਰੋਤ ਹਵਾਲਾ ਸੂਚੀ:**
ਮਿਆਰੀ ਖੋਜ ਪੱਤਰ ਨੂੰ ਸੰਪੂਰਨ ਮਾਨਤਾ ਪ੍ਰਾਪਤ ਕਰਨ ਵਾਸਤੇ, ਖੋਜ ਦੌਰਾਨ ਵਰਤੇ ਗਏ ਸ੍ਰੋਤਾਂ ਦੀ ਮੁਕੰਮਲ ਸੂਚੀ ਦਾ ਹਵਾਲਾ ਦਿੱਤਾ ਜਾਣਾ ਵੀ ਪੱਤਰ ਦੀ ਪ੍ਰਾਪਤੀ ਮੰਨੀ ਜਾਂਦੀ ਹੈ।

**ਨੋਟ:** ਖੋਜ ਪੱਤਰ ਲਿਖਣ ਲਈ ਸਫਾ ਖਾਕਾ (Page layout) ਸਬੰਧੀ ਲੇਖਕਾਂ ਨੂੰ ਸਨਿਮਰ ਹਦਾਇਤਾਂ:

1. ਸਾਰਾ ਖੋਜ ਪੱਤਰ ਯੂਨੀਕੋਡ ਲਿਖਤ ਵਿਧਾਨ ਦੁਆਰਾ ਲਿਖਿਆ ਹੀ ਪ੍ਰਵਾਨ ਹੋਵੇਗਾ।
2. ਲਿਖਤ ਦੇ ਅੱਖਰਾਂ ਦਾ ਆਕਾਰ 12 ਹੋਵੇ ਅਤੇ ਇਹ ਇਕਹਿਰਾ ਹੋਵੇ।
3. ਪੱਤਰ ਦੇ ਸਿਰਲੇਖ ਦੇ ਅੱਖਰਾਂ ਦਾ ਆਕਾਰ 14 ਹੋਵੇ, ਇਹ ਮੋਟਾ (Bold) ਅਤੇ ਸਤਰ ਦੇ ਵਿਚਕਾਰ ਹੋਵੇ।
4. ਸਿਰਲੇਖ ਦੇ ਥੱਲੇ ਹੀ, ਇਕਹਿਰੇ 12 ਅਕਾਰ ਵਿੱਚ, ਲੇਖਕ ਦਾ ਨਾਮ, ਪਦਵੀ ਤੇ ਸੰਸਥਾ ਦਾ ਨਾਮ, ਸਮੇਤ ਫੋਨ ਸੰਪਰਕ ਨੰਬਰ ਅਤੇ ਬਿਡਾਕ (ਇਮੇਲ) ਸਿਰਨਾਵਾਂ ਹੋਵੇ।
5. ਕਾਗਜ਼ ਦਾ ਆਕਾਰ ਮਿਆਰੀ (A4) ਹੋਵੇ ਅਤੇ ਚਾਰੇ ਪਾਸਿਆਂ ਤੋਂ ਹਾਸ਼ੀਆ 2 ਸੈਂਟੀਮੀਟਰ ਹੋਵੇ।
6. ਮਿਆਰੀ ਲਿਖਤ ਲਈ ਸਿਖਰ ਤੇ ਪਾਦਕ (Header & Footer) ਦੀ ਵਰਤੋਂ ਵੀ ਬਹੁਤ ਜਰੂਰੀ ਹੈ।
7. ਪਾਦਕ ਭਾਵ ਹਰ ਪੰਨੇ ਦੇ ਹੇਠਲੇ ਹਿੱਸੇ ਵਿੱਚ ਪੰਨਾ ਨੰਬਰ ਪਾਉਣਾ ਲਾਜ਼ਮੀ ਹੈ ਜੋ ਕਿ ਸੱਜੇ ਪਾਸੇ ਹੋਵੇ ਤੇ ਇਸਦੇ ਨਾਲ਼ ਹੀ ਪੰਨਿਆਂ ਦੀ ਕੁੱਲ ਗਿਣਤੀ ਵੀ ਸ਼ਾਮਿਲ ਕੀਤੀ ਜਾਵੇ।
8. ਇਸੇ ਤਰਾਂ ਸਿਖਰ ਵਿੱਚ ਪੱਤਰ ਦਾ ਸਿਰਲੇਖ ਅਤੇ ਲੇਖਕ ਦਾ ਨਾਮ ਸ਼ਾਮਲ ਕੀਤਾ ਜਾਵੇ।